# ਮਿਤਸੁਬੀਸ਼ੀ ਪਜੈਰੋ ਨੇ ਲੁਧਿਆਣਾ ਤੋਂ ਸ਼ੁਰੂ ਕੀਤੀ 'ਹਾਰਟ-ਇਨ-ਮਾਊਥ' ਰੈਲੀ

## ਨਾਰਦਰਨ ਮੋਟਰਜ਼ ਸਮੇਤ 100 ਪਜੈਰੋ ਗਾਹਕਾਂ ਨੇ ਲਿਆ ਹਿੱਸਾ

ਲੁਧਿਆਣਾ, 24 ਜੁਲਾਈ (ਭੁਪਿੰਦਰ ਸਿੰਘ ਬਸਰਾ)-ਵਾਹਨ ਬਣਾਉਣ ਵਾਲੀ ਪ੍ਰਮੁੱਖ ਕੰਪਨੀ ਐਚ. ਐਮ. ਮਿਤਸੁਬੀਸ਼ੀ ਮੋਟਰ ਵੱਲੋਂ ਗਾਹਕਾਂ ਦੀ ਪਸੰਦੀਦਾ ਐਸ. ਯੂ. ਵੀ. ਗੱਡੀ ਪਜੈਰੋ ਤੇ ਮੋਂਟਰੋ ਦੀ ਸ਼ਕਤੀਸ਼ਾਲੀ ਪਿਕਅਪ ਤੇ ਊਬੜ-ਖਾਬੜ ਰਸਤਿਆਂ 'ਚ ਚੱਲਣ ਦੀ ਮੁਹਾਰਤ ਨੂੰ ਵਿਖਾਉਣ ਲਈ ਨਾਰਦਰਨ ਮੋਟਰਜ਼ ਨਾਲ ਮਿਲ ਕੇ ਇਕ ਰੈਲੀ ਕਰਵਾਈ।

ਇਸ ਮੌਕੇ ਮਿਤਸੁਬੀਸ਼ੀ ਦੇ ਹੈਡ ਮਾਰਕੀਟਿੰਗ ਸ੍ਰੀ ਯੋਸ਼ੀਕੀ ਵਾਡਾ ਤੇ ਨਾਰਦਰਨ ਮੋਟਰ ਦੇ ਪ੍ਰਬੰਧ ਨਿਰਦੇਸ਼ਕ ਸ੍ਰੀ ਰਾਜੀਵ ਚੋਪੜਾ ਨੇ ਦੱਸਿਆ ਕਿ ਕੰਪਨੀ ਵੱਲੋਂ ਗਾਹਕਾਂ ਦੀ ਮਨਪਸੰਦ ਪਜੈਰੋ ਤੇ ਮੋਂਟੈਰੋ ਦੀ ਸਮਰੱਥਾ ਨੂੰ ਦਰਸਾਉਂਦੀ ਰੈਲੀ ਕੀਤੀ ਗਈ, ਜੋ ਸਵੇਰੇ 9 ਵਜੇ ਲੁਧਿਆਣਾ ਤੋਂ ਸ਼ੁਰੂ ਹੋ ਕੇ ਨਾਰਦਰਨ ਮੋਟਰਜ਼, ਲਾਡੋਵਾਲ, ਗੋਲਫ਼ ਕੋਰਸ ਤੋਂ ਹੁੰਦੀ ਹੋਈ ਸਤਲੁਜ ਦਰਿਆ ਦੇ ਕੰਢੇ 'ਤੇ ਊਬੜ-ਖ਼ਾਬੜ ਰਸਤਿਆਂ ਤੋਂ ਲੰਘੀ। ਇਸ ਰੈਲੀ 'ਚ 100 ਤੋਂ ਵਧੇਰੇ ਪਜੈਰੋ ਤੇ ਮੋਂਟੈਰੋ ਗਾਹਕਾਂ ਨੇ ਹਿੱਸਾ ਲਿਆ। ਸ੍ਰੀ ਚੋਪੜਾ ਨੇ ਦੱਸਿਆ ਕਿ ਇਸ ਰੈਲੀ ਦਾ ਮਨੋਰਥ ਪਜੈਰੋ ਨੂੰ ਹਰ ਤਰ੍ਹਾਂ ਦੀ ਸੜਕ, ਉਚੇ-ਨੀਵੇਂ ਰਾਹਾਂ ਤੋਂ ਲੰਘਣ ਦੀ ਸਮਰੱਥਾ ਤੇ ਹੋਰ ਵਿਸ਼ੇਸ਼ਤਾਵਾਂ ਬਾਰੇ ਜਾਣੂ ਕਰਵਾਉਣਾ ਸੀ। ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਕੰਪਨੀ ਪੰਜਾਬ 'ਚ ਜਲੰਧਰ ਤੇ ਅੰਮ੍ਰਿਤਸਰ 'ਚ ਵੀ ਅਜਿਹੀ ਰੈਲੀ ਜਿਸ ਨੂੰ 'ਹਾਰਟ ਇਨ ਮਾਊਥ' ਦਾ ਨਾਂਅ ਦਿੱਤਾ ਗਿਆ ਹੈ, ਕਰੇਗੀ। ਇਸ ਰੈਲੀ ਉਪਰੰਤ ਇਸ ਵਿਚ ਹਿੱਸਾ ਲੈਣ ਵਾਲੇ ਗਾਹਕਾਂ ਨੂੰ ਸਰਟੀਫ਼ਿਕੇਟ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਨਾਰਦਰਨ ਮੋਟਰਜ਼ ਦੇ ਅਸ਼ੀਸ਼ ਚੋਪੜਾ, ਸਚਿਨ ਗੋਇਲ ਤੋਂ ਇਲਾਵਾ ਕੰਪਨੀ ਦੇ ਹੋਰ ਅਧਿਕਾਰੀ ਵੀ ਸ਼ਾਮਿਲ ਹੋਏ।



ਲੁਧਿਆਣਾ ਵਿਖੇ ਮਿਤਸੁਬੀਸ਼ੀ ਮੋਟਰ ਕੰਪਨੀ ਵੱਲੋਂ ਕਰਵਾਈ ਗਈ ਹਾਰਟ-ਇਨ-ਮਾਊਥ ਰੈਲੀ ਨੂੰ ਝੰਡੀ ਦੇ ਕੇ ਰਵਾਨਾ ਕਰਦੇ ਹੋਏ ਨਾਰਦਰਨ ਮੋਟਰਜ਼ ਦੇ ਮੁਖੀ ਰਾਜੀਵ ਚੋਪੜਾ ਤੇ ਮਿਤਸੁਬੀਸ਼ੀ ਦੇ ਅਧਿਕਾਰੀ ਯੋਸੀਕੀ ਵਾਡਾ ਤੇ ਹੋਰ। ਤਸਵੀਰ : ਨੀਲ ਕਮਲ